ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ

[ਸਵੈ-ਨਿਰਧਾਰਨ ਪ੍ਰੋਗਰਾਮ] ਪਹਿਲੇ ਸਾਲ ਦੇ ਭਾਗੀਦਾਰ ਲਈ ਚੈੱਕਲਿਸਟ

ਇਹ ਟੂਲ ਭਾਗੀਦਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਰਵਾਇਤੀ ਸੇਵਾਵਾਂ ਤੋਂ SDP ਵਿੱਚ ਤਬਦੀਲ ਹੋਣ ਦੀ ਪ੍ਰਕਿਰਿਆ ਪੂਰੀ ਕਰਨ ਵਿੱਚ ਮਦਦ ਕਰਨ ਲਈ ਹੈ। ***SC ਸਾਰੇ ਕਦਮਾਂ ਵਿੱਚ ਸ਼ਾਮਲ ਨਹੀਂ ਹੋਣਗੇ।***

☐	ਭਾਗੀਦਾਰ [SDP ਓਰੀਐਂਟੇਸ਼ਨ] ਪੂਰੀ ਕਰਦਾ ਹੈ	ਓਰੀਐਂਟੇਸ਼ਨ ਵਿੱਚ ਸਵੈ-ਨਿਰਧਾਰਨ ਪ੍ਰੋਗਰਾਮ **(SDP)** ਬਾਰੇ ਸੰਖੇਪ ਜਾਣਕਾਰੀ ਅਤੇ ਵਿਆਖਿਆ ਦਿੱਤੀ ਜਾਂਦੀ ਹੈ। SDP ਓਰੀਐਂਟੇਸ਼ਨ ਪੂਰੀ ਕਰਨ ਤੋਂ ਬਾਅਦ, ਕਿਰਪਾ ਕਰਕੇ ਆਪਣੇ ਸਰਵਿਸ ਕੋਆਰਡੀਨੇਟਰ ਨਾਲ ਸੰਪਰਕ ਕਰੋ, ਓਰੀਐਂਟੇਸ਼ਨ ਸਰਟੀਫਿਕੇਟ ਦੀ ਇੱਕ ਕਾਪੀ ਦਿਓ ਅਤੇ ਦੱਸੋ ਕਿ ਤੁਸੀਂ SDP ਵਿੱਚ ਨਾਮਾਂਕਣ ਕਰਨਾ ਚਾਹੁੰਦੇ ਹੋ। ਸਮਾਂ-ਸੀਮਾ: ਕਲਾਇੰਟ ਆਪਣੀ ਰਫ਼ਤਾਰ ਅਨੁਸਾਰ ਕੰਮ ਕਰ ਸਕਦਾ ਹੈ।
☐	ਭਾਗੀਦਾਰ ਸਲਾਹ-ਮਸ਼ਵਰਾ ਕਰਦਾ ਹੈ ਅਤੇ ਇੱਕ [ਇੰਡੀਪੈਂਡੈਂਟ ਫ਼ੈਸਿਲਿਟੇਟਰ ਚੁਣਦਾ ਹੈ] **(IF)** (ਵਿਕਲਪਿਕ) ਹਾਂ ☐ ਨਹੀਂ☐ ਜੇ ਹਾਂ, ਤਾਂ **IF** ਦਾ ਨਾਮ: ਈਮੇਲ: ਫ਼ੋਨ ਨੰਬਰ: ਜਾਣਕਾਰੀ ਜਾਰੀ ਕਰਨ ਦਾ ਫ਼ਾਰਮ ਦਸਤਖਤ ਕਰਕੇ ਫ਼ਾਈਲ ਵਿੱਚ ਦਰਜ ਕੀਤਾ ਗਿਆ (ਲਾਜ਼ਮੀ): ਹਾਂ ☐ ਨਹੀਂ ☐	ਇੰਡੀਪੈਂਡੈਂਟ ਫ਼ੈਸਿਲਿਟੇਟਰ (IF) ਵਿਅਕਤੀ-ਕੇਂਦਰਿਤ ਯੋਜਨਾ ਵਿੱਚ ਮਦਦ ਕਰ ਸਕਦਾ ਹੈ ਅਤੇ SDP ਵਿੱਚ ਤਬਦੀਲੀ ਦੀ ਪ੍ਰਕਿਰਿਆ ਵਿੱਚ ਸਹਾਇਤਾ ਕਰ ਸਕਦਾ ਹੈ। ਇੰਡੀਪੈਂਡੈਂਟ ਫ਼ੈਸਿਲਿਟੇਟਰ ਦੀ ਚੋਣ ਭਾਗੀਦਾਰ ਕਰਦਾ ਹੈ ਅਤੇ ਉਸਨੂੰ ਦਿਸ਼ਾ-ਨਿਰਦੇਸ਼ ਵੀ ਦਿੰਦਾ ਹੈ। ਉਹ ਲੋੜਾਂ ਦੀ ਪਛਾਣ ਕਰਨ, ਵਿਅਕਤੀਗਤ ਬਜਟ ਬਾਰੇ ਜਾਣਕਾਰੀ ਦੇ ਆਧਾਰ 'ਤੇ ਫੈਸਲੇ ਲੈਣ, IPP ਦੇ ਅਨੁਸਾਰ ਸੇਵਾਵਾਂ ਅਤੇ ਸਹਾਇਤਾ ਲੱਭਣ, ਹਾਸਲ ਕਰਨ ਅਤੇ ਉਨ੍ਹਾਂ ਦਾ ਤਾਲਮੇਲ ਕਰਨ ਵਿੱਚ ਮਦਦ ਕਰ ਸਕਦਾ ਹੈ। ਇੰਡੀਪੈਂਡੈਂਟ ਫ਼ੈਸਿਲਿਟੇਟਰ ਦਾ ਖਰਚਾ, ਜੇ ਕੋਈ ਹੈ, ਤਾਂ ਰੀਜਨਲ ਸੈਂਟਰ ਦੁਆਰਾ ਵੱਧ ਤੋਂ ਵੱਧ 40 ਸਹਾਇਤਾ ਘੰਟਿਆਂ ਲਈ ਦਿੱਤਾ ਜਾਵੇਗਾ। ਇਹ ਫੰਡਿੰਗ ਸਿਰਫ਼ SDP ਵਿੱਚ ਤਬਦੀਲੀ ਤੋਂ ਪਹਿਲਾਂ ਹੀ ਉਪਲਬਧ ਹੈ। ਭਾਗੀਦਾਰ SDP ਵਿੱਚ ਸ਼ੁਰੂਆਤੀ ਤਬਦੀਲੀ ਤੋਂ ਬਾਅਦ ਵੀ ਇੰਡੀਪੈਂਡੈਂਟ ਫ਼ੈਸਿਲਿਟੇਟਰ ਨੂੰ ਨੌਕਰੀ 'ਤੇ ਰੱਖ ਸਕਦਾ ਹੈ ਅਤੇ ਉਨ੍ਹਾਂ ਸੇਵਾਵਾਂ ਲਈ ਭੁਗਤਾਨ ਖਰਚ ਯੋਜਨਾ ਰਾਹੀਂ ਕਰ ਸਕਦਾ ਹੈ। ਸਮਾਂ-ਸੀਮਾ: IF ਚੋਣ ਦੀ ਸੂਚਨਾ ਪ੍ਰਾਪਤ ਹੋਣ 'ਤੇ, ਸਰਵਿਸ ਕੋਆਰਡੀਨੇਟਰ ਕਲਾਇੰਟ ਨੂੰ ਜਾਣਕਾਰੀ ਜਾਰੀ ਕਰਨ ਦਾ ਫ਼ਾਰਮ (Release of Information) ਭੇਜੇਗਾ। ਦੋ ਕਾਰੋਬਾਰੀ ਦਿਨਾਂ ਦੇ ਅੰਦਰ, ਸਰਵਿਸ ਕੋਆਰਡੀਨੇਟਰ ਪ੍ਰਾਪਤੀ ਦੀ ਪੁਸ਼ਟੀ ਕਰੇਗਾ ਅਤੇ ਦੱਸੇਗਾ ਕਿ ਜਾਣਕਾਰੀ ਜਾਰੀ ਕਰਨ ਦਾ ਫ਼ਾਰਮ ਕਲਾਇੰਟ/ਕੰਜ਼ਰਵੇਟਰ/ਸਰਪ੍ਰਸਤ ਨੂੰ ਕਦੋਂ ਭੇਜਿਆ ਜਾਵੇਗਾ। ਜਦੋਂ ਇੰਡੀਪੈਂਡੈਂਟ ਫ਼ੈਸਿਲਿਟੇਟਰ ਆਪਣੇ ਵੱਲੋਂ ਦਿੱਤੀਆਂ ਜਾਣ ਵਾਲੀਆਂ ਪ੍ਰਸਤਾਵਿਤ ਤਬਦੀਲੀ ਸੇਵਾਵਾਂ ਅਤੇ ਘੰਟਿਆਂ ਦੀ ਅਨੁਮਾਨਤ ਗਿਣਤੀ ਬਾਰੇ ਲਿਖਤੀ ਜਾਣਕਾਰੀ ਪ੍ਰਦਾਨ ਕਰੇਗਾ, ਤਾਂ ਸਰਵਿਸ ਕੋਆਰਡੀਨੇਟਰ 30 ਦਿਨਾਂ ਦੇ ਅੰਦਰ ਕਲਾਇੰਟ/ਕੰਜ਼ਰਵੇਟਰ/ਸਰਪ੍ਰਸਤ ਨੂੰ ਇੱਕ IPP ਸੋਧ ਤਿਆਰ ਕਰਕੇ ਭੇਜੇਗਾ। ਸੋਧ 'ਤੇ ਦਸਤਖਤ ਹੋਣ ਤੋਂ ਬਾਅਦ, ਸਰਵਿਸ ਕੋਆਰਡੀਨੇਟਰ ACRC ਸੇਵਾ ਖਰੀਦ (POS) ਨੀਤੀ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਇੱਕ ਹਫ਼ਤੇ ਦੇ ਅੰਦਰ ਭੁਗਤਾਨ ਲਈ ਬੇਨਤੀ ਜਮ੍ਹਾਂ ਕਰਵਾਏਗਾ।

☐	ਭਾਗੀਦਾਰ ਇੱਕ ਵਿਅਕਤੀ-ਕੇਂਦਰਿਤ ਯੋਜਨਾ ਵਿੱਚ ਸ਼ਾਮਲ ਹੁੰਦਾ ਹੈ (ਵਿਕਲਪਿਕ)	ਇਹ ਯੋਜਨਾ ਸਾਲ ਦੇ ਬਾਕੀ ਸਮੇਂ ਦੌਰਾਨ ਭਾਗੀਦਾਰ ਦਾ ਮਾਰਗਦਰਸ਼ਨ ਕਰੇਗੀ। ਇਸ ਯੋਜਨਾ ਦੀ ਵਰਤੋਂ ਬਜਟ ਤਿਆਰ ਕਰਨ ਅਤੇ ਖਰਚ ਯੋਜਨਾ ਵਿੱਚ ਸ਼ਾਮਲ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀਆਂ ਲੋੜਾਂ ਦੀ ਪਛਾਣ ਕਰਨ ਵਿੱਚ ਮਦਦ ਲਈ ਵੀ ਕੀਤੀ ਜਾਂਦੀ ਹੈ। ਵਿਅਕਤੀ-ਕੇਂਦਰਿਤ ਯੋਜਨਾ ਦਾ ਖਰਚਾ, ਜੇ ਕੋਈ ਹੈ, ਤਾਂ ਰੀਜਨਲ ਸੈਂਟਰ ਦੁਆਰਾ ਵੱਧ ਤੋਂ ਵੱਧ $1,000 ਤੱਕ ਅਦਾ ਕੀਤਾ ਜਾਵੇਗਾ। ਇਹ ਫੰਡਿੰਗ ਸਿਰਫ਼ SDP ਵਿੱਚ ਤਬਦੀਲੀ ਤੋਂ ਪਹਿਲਾਂ ਹੀ ਉਪਲਬਧ ਹੈ। ਸਮਾਂ-ਸੀਮਾ: PCP ਅਤੇ ਇਨਵੌਇਸ ਪ੍ਰਾਪਤ ਹੋਣ ਤੋਂ ਬਾਅਦ, ਸਰਵਿਸ ਕੋਆਰਡੀਨੇਟਰ 30 ਦਿਨਾਂ ਦੇ ਅੰਦਰ ਕਲਾਇੰਟ/ਕੰਜ਼ਰਵੇਟਰ/ਸਰਪ੍ਰਸਤ ਨੂੰ IPP ਸੋਧ ਭੇਜੇਗਾ। ਸੋਧ 'ਤੇ ਦਸਤਖਤ ਹੋਣ ਤੋਂ ਬਾਅਦ, ਸਰਵਿਸ ਕੋਆਰਡੀਨੇਟਰ ACRC ਸੇਵਾ ਖਰੀਦ (POS) ਨੀਤੀ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਇੱਕ ਹਫ਼ਤੇ ਦੇ ਅੰਦਰ ਭੁਗਤਾਨ ਲਈ ਬੇਨਤੀ ਜਮ੍ਹਾਂ ਕਰਵਾਏਗਾ।
☐	ਪਲਾਨਿੰਗ ਟੀਮ ਲੋੜਾਂ ਬਾਰੇ ਚਰਚਾ ਕਰਦੀ ਹੈ	ਪਲਾਨਿੰਗ ਟੀਮ ਕਲਾਇੰਟ ਦੀਆਂ ਲੋੜਾਂ 'ਤੇ ਚਰਚਾ ਕਰਦੀ ਹੈ। ਸਰਵਿਸ ਕੋਆਰਡੀਨੇਟਰ ਸੇਵਾਵਾਂ ਦੀ ਲੋੜ ਦਾ ਮੁਲਾਂਕਣ ਕਰਨ ਲਈ ਲੋੜ ਅਨੁਸਾਰ ਦਸਤਾਵੇਜ਼ਾਂ ਮੰਗੇਗਾ। ਜੇ ਮੰਗੇ ਗਏ ਦਸਤਾਵੇਜ਼ ਪ੍ਰਾਪਤ ਨਹੀਂ ਹੁੰਦੇ ਹਨ, ਤਾਂ ਪਲਾਨਿੰਗ ਟੀਮ ਅੱਗੇ ਵਧਣ ਲਈ ਇੱਕ ਸਮਾਂ-ਸੀਮਾ 'ਤੇ ਸਹਿਮਤ ਹੋਵੇਗੀ। ਜਿਨ੍ਹਾਂ ਸੇਵਾ ਬੇਨਤੀਆਂ ਲਈ ਕਮੇਟੀ ਦੁਆਰਾ ਸਮੀਖਿਆ ਦੀ ਲੋੜ ਹੈ, ਉਨ੍ਹਾਂ ਲਈ ਸਰਵਿਸ ਕੋਆਰਡੀਨੇਟਰ ਸਮਾਂ-ਸੀਮਾਵਾਂ ਬਾਰੇ ਜਾਣਕਾਰੀ ਦੇਵੇਗਾ।
☐	ਸਰਵਿਸ ਕੋਆਰਡੀਨੇਟਰ ਬਜਟ ਬਣਾਉਂਦਾ ਹੈ	ਸਰਵਿਸ ਕੋਆਰਡੀਨੇਟਰ ਪਲਾਨਿੰਗ ਟੀਮ ਦੇ ਸੇਵਾਵਾਂ ਦੇ ਸਮਝੌਤੇ ਦੇ ਆਧਾਰ 'ਤੇ ਇੱਕ ਬਜਟ ਬੇਨਤੀ ਤਿਆਰ ਕਰੇਗਾ। ਇਹ ਬਜਟ ਪਿਛਲੇ 12 ਮਹੀਨਿਆਂ ਵਿੱਚ ਸੇਵਾਵਾਂ ਲਈ ਮਨਜ਼ੂਰ ਕੀਤੇ ਗਏ ਰੀਜਨਲ ਸੈਂਟਰ ਦੇ ਫੰਡਾਂ ਦੀ ਰਕਮ ਦੇ ਬਰਾਬਰ ਹੋਵੇਗਾ, ਇਸ ਵਿੱਚ ਪਲਾਨਿੰਗ ਟੀਮ ਦੀ ਮੀਟਿੰਗ ਵਿੱਚ ਪਛਾਣੇ ਗਏ ਹਾਲਾਤ ਵਿੱਚ ਤਬਦੀਲੀ ਦੇ ਆਧਾਰ 'ਤੇ ਮੁਲਾਂਕਣ ਕੀਤੀਆਂ ਨਵੀਆਂ ਲੋੜਾਂ ਵੀ ਸ਼ਾਮਲ ਹੋਣਗੀਆਂ। ਬਜਟ ਬਣ ਜਾਣ ਤੋਂ ਬਾਅਦ, ਸਰਵਿਸ ਕੋਆਰਡੀਨੇਟਰ ਭਾਗੀਦਾਰ ਨੂੰ ਇਸਦੀ ਇੱਕ ਕਾਪੀ ਭੇਜੇਗਾ। ਪਲਾਨਿੰਗ ਟੀਮ ਵਿਅਕਤੀਗਤ ਬਜਟ ਗਣਨਾ ਅਤੇ ਪ੍ਰਮਾਣੀਕਰਨ ਟੂਲ **(IBCCT)** ਦੀ ਸਮੀਖਿਆ ਕਰੇਗੀ। ਜਦੋਂ ਕਲਾਇੰਟ ਜਾਂ ਉਨ੍ਹਾਂ ਦਾ ਕਾਨੂੰਨੀ ਪ੍ਰਤੀਨਿਧੀ IBCCT 'ਤੇ ਦਸਤਖਤ ਕਰਦਾ ਹੈ ਤਾਂ ਇਹ ਪ੍ਰਮਾਣਿਤ ਹੋ ਜਾਂਦਾ ਹੈ। ਸਮਾਂ-ਸੀਮਾ: ਪਲਾਨਿੰਗ ਟੀਮ ਇਸ ਬਾਰੇ ਸਹਿਮਤ ਹੋਵੇਗੀ ਜਦੋਂ ਸਰਵਿਸ ਕੋਆਰਡੀਨੇਟਰ ਬਜਟ ਬੇਨਤੀ ਤਿਆਰ ਕਰੇਗਾ। ਸਰਵਿਸ ਕੋਆਰਡੀਨੇਟਰ ਦੁਆਰਾ ਬਜਟ ਬੇਨਤੀ ਜਮ੍ਹਾਂ ਕਰਵਾਉਣ ਤੋਂ ਬਾਅਦ, ਬਜਟ ਚਾਰ ਕਾਰੋਬਾਰੀ ਦਿਨਾਂ ਦੇ ਅੰਦਰ ਤਿਆਰ ਹੋ ਜਾਵੇਗਾ। ਫਿਰ ਸਰਵਿਸ ਕੋਆਰਡੀਨੇਟਰ ਭਾਗੀਦਾਰ ਨੂੰ ਦੋ ਕਾਰੋਬਾਰੀ ਦਿਨਾਂ ਦੇ ਅੰਦਰ ਬਜਟ ਦੇਵੇਗਾ।
☐	ਭਾਗੀਦਾਰ ਸਲਾਹ-ਮਸ਼ਵਰਾ ਕਰਦਾ ਹੈ ਅਤੇ ਇੱਕ ਵਿੱਤੀ ਪ੍ਰਬੰਧਨ ਸੇਵਾ (FMS) ਚੁਣਦਾ ਹੈ	ਭਾਗੀਦਾਰ ਇੱਕ ਸੂਚੀਬੱਧ FMS ਏਜੰਸੀ ਦੀ ਚੋਣ ਕਰਦਾ ਹੈ। SDP ਵਿੱਚ FMS ਹੀ ਇੱਕੋ-ਇੱਕ ਲਾਜ਼ਮੀ ਰੀਜਨਲ ਸੈਂਟਰ ਵਿਕਰੇਤਾ ਹੈ। FMS ਪ੍ਰੋਵਾਈਡਰਾਂ ਨੂੰ ਭੁਗਤਾਨ ਜਾਰੀ ਕਰਨ ਲਈ ਜ਼ਿੰਮੇਵਾਰ ਹੈ। ਸਾਰੇ ਪ੍ਰੋਵਾਈਡਰ, ਭਾਵੇਂ ਉਹ ਕਾਰੋਬਾਰ ਹੋਣ ਜਾਂ ਵਿਅਕਤੀਗਤ ਕਰਮਚਾਰੀ, ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਉਨ੍ਹਾਂ ਨੂੰ ਕਲਾਇੰਟ ਦੀ FMS ਨਾਲ ਰਜਿਸਟਰ ਹੋਣਾ ਲਾਜਮੀ ਹੈ। FMS ਰਜਿਸਟ੍ਰੇਸ਼ਨ ਪ੍ਰਕਿਰਿਆ ਅਤੇ ਪ੍ਰੋਵਾਈਡਰਾਂ ਦੀਆਂ ਲੋੜਾਂ ਬਾਰੇ ਹਦਾਇਤਾਂ ਦੇਵੇਗਾ। FMS ਅਤੇ ਕਲਾਇੰਟ ਇਹ ਪੁਸ਼ਟੀ ਕਰਨ ਲਈ ਜ਼ਿੰਮੇਵਾਰ ਹਨ ਕਿ ਪ੍ਰੋਵਾਈਡਰ ਉਨ੍ਹਾਂ ਸੇਵਾਵਾਂ ਲਈ ਯੋਗ ਹਨ ਜਿਨ੍ਹਾਂ ਨੂੰ ਦੇਣ ਲਈ ਉਨ੍ਹਾਂ ਨੂੰ ਨੌਕਰੀ

		'ਤੇ ਰੱਖਿਆ ਗਿਆ ਹੈ। ਭਾਗੀਦਾਰ ਇਹ ਪੁਸ਼ਟੀ ਕਰਨ ਲਈ ਜ਼ਿੰਮੇਵਾਰ ਹੈ ਕਿ ਉਸਦੇ ਚੁਣੇ ਹੋਏ ਪ੍ਰੋਵਾਈਡਰ FMS ਨਾਲ ਰਜਿਸਟ੍ਰੇਸ਼ਨ ਕਰਨਗੇ ਅਤੇ SDP ਭਾਗੀਦਾਰਾਂ ਨਾਲ ਕੰਮ ਕਰਨ ਅਤੇ ਫੰਡ ਸਵੀਕਾਰ ਕਰਨ ਲਈ ਤਿਆਰ ਹਨ। ☐ **<u>ਬਿੱਲਾਂ ਦਾ ਭੁਗਤਾਨ ਕਰਨ ਵਾਲਾ</u>** - FMS ਕੰਪਨੀਆਂ ਦੇ ਇਨਵੌਇਸਾਂ ਦਾ ਭੁਗਤਾਨ ਕਰਦਾ ਹੈ - ਵਿਅਕਤੀ ਕਿਸੇ ਕੰਪਨੀ ਵੱਲੋਂ ਨੌਕਰੀ 'ਤੇ ਰੱਖੇ ਜਾਂਦੇ ਹਨ - ਭਾਗੀਦਾਰ ਆਪਣੇ ਵਰਕਰਾਂ ਦਾ ਸਿੱਧਾ ਰੁਜ਼ਗਾਰਦਾਤਾ ਨਹੀਂ ਬਣਨਾ ਚਾਹੁੰਦਾ **FMS ਕੰਪਨੀਆਂ ਨੂੰ ਸੇਵਾਵਾਂ ਅਤੇ ਸਹਾਇਤਾ ਲਈ ਭੁਗਤਾਨ ਕਰੇਗਾ** ☐ **<u>ਸਹਿ-ਰੁਜ਼ਗਾਰਦਾਤਾ</u>** - ਸੇਵਾਵਾਂ ਲਈ ਕਾਰੋਬਾਰਾਂ ਜਾਂ ਵਿਅਕਤੀਗਤ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਿਆ ਜਾ ਸਕਦਾ ਹੈ। - ਭਾਗੀਦਾਰ ਆਪਣੇ ਵਰਕਰਾਂ ਦਾ ਰੁਜ਼ਗਾਰਦਾਤਾ ਹੋਣ ਦੀ ਜ਼ਿੰਮੇਵਾਰੀ FMS ਨਾਲ ਸਾਂਝੀ ਕਰਨਾ ਚਾਹੁੰਦਾ ਹੈ - FMS ਰੁਜ਼ਗਾਰ ਸਬੰਧੀ ਸਾਰੇ ਕਾਨੂੰਨਾਂ ਦੀ ਪਾਲਣਾ ਕਰਦਾ ਹੈ - FMS ਰੁਜ਼ਗਾਰ ਨਾਲ ਸਬੰਧਤ ਜ਼ਰੂਰੀ ਬੀਮੇ ਦਾ ਪ੍ਰਬੰਧ ਕਰਦਾ ਹੈ - FMS ਰੁਜ਼ਗਾਰਦਾਤਾ ਹੋਣ ਦੀ ਜ਼ਿੰਮੇਵਾਰੀ ਸਾਂਝੀ ਕਰਦਾ ਹੈ - ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਟਾਈਮਕਾਰਡ ਜਮ੍ਹਾਂ ਕਰਵਾਏ ਜਾਣ ਅਤੇ ਮਨਜ਼ੂਰ ਕੀਤੇ ਜਾਣ - ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਇਨਵੌਇਸ ਜਮ੍ਹਾਂ ਕਰਵਾਏ ਜਾਣ ਅਤੇ ਮਨਜ਼ੂਰ ਕੀਤੇ ਜਾਣ **FMS ਪਿਛੋਕੜ ਅਤੇ ਯੋਗਤਾਵਾਂ ਦੀ ਜਾਂਚ ਕਰਦਾ ਹੈ ਅਤੇ ਕਰਮਚਾਰੀ ਮੁਆਵਜ਼ਾ (Worker's Compensation) ਬੀਮਾ ਰੱਖਦਾ ਹੈ** ☐ **<u>ਇਕੱਲਾ ਮਾਲਕ</u>** - ਸੇਵਾਵਾਂ ਲਈ ਕਾਰੋਬਾਰਾਂ ਜਾਂ ਵਿਅਕਤੀਗਤ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਿਆ ਜਾ ਸਕਦਾ ਹੈ। - **ਇਹ ਤੁਹਾਡਾ ਆਪਣਾ ਛੋਟਾ ਕਾਰੋਬਾਰ ਚਲਾਉਣ ਵਾਂਗ ਹੈ** - ਭਾਗੀਦਾਰ ਆਪਣੇ ਵਰਕਰਾਂ ਦਾ ਰੁਜ਼ਗਾਰਦਾਤਾ ਬਣਨਾ ਚਾਹੁੰਦਾ ਹੈ - ਭਾਗੀਦਾਰ ਨੂੰ ਰੁਜ਼ਗਾਰ ਨਾਲ ਸਬੰਧਤ ਕੋਈ ਵੀ ਜ਼ਰੂਰੀ ਬੀਮਾ ਕਰਵਾਉਣਾ ਪਵੇਗਾ - FMS ਬਿੱਲਾਂ ਦਾ ਭੁਗਤਾਨ ਕਰੇਗਾ - FMS ਪਿਛੋਕੜ ਅਤੇ ਯੋਗਤਾਵਾਂ ਦੀ ਜਾਂਚ ਕਰੇਗਾ - FMS ਸਾਰੇ ਰੁਜ਼ਗਾਰ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਭਾਗੀਦਾਰ ਦੀ ਸਹਾਇਤਾ ਕਰਦਾ ਹੈ - ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਟਾਈਮਕਾਰਡ ਜਮ੍ਹਾਂ ਕਰਵਾਏ ਜਾਣ ਅਤੇ ਮਨਜ਼ੂਰ ਕੀਤੇ ਜਾਣ - ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਇਨਵੌਇਸ ਜਮ੍ਹਾਂ ਕਰਵਾਏ ਜਾਣ ਅਤੇ ਮਨਜ਼ੂਰ ਕੀਤੇ ਜਾਣ **FMS ਸਰੋਤ ਪ੍ਰਦਾਨ ਕਰ ਸਕਦਾ ਹੈ, ਪਰ ਰੁਜ਼ਗਾਰ ਕਾਨੂੰਨਾਂ ਦੀ ਪਾਲਣਾ ਲਈ ਜ਼ਿੰਮੇਵਾਰ ਨਹੀਂ ਹੈ** ਭਾਗੀਦਾਰ ਵੱਲੋਂ ਨੌਕਰੀ 'ਤੇ ਰੱਖੇ ਗਏ ਕਿਸੇ ਵੀ ਸਪੋਰਟ ਸਟਾਫ਼ ਨੂੰ ਕੰਮ ਸ਼ੁਰੂ ਕਰਨ ਤੋਂ ਪਹਿਲਾਂ FMS ਨਾਲ ਰਜਿਸਟ੍ਰੇਸ਼ਨ ਪੂਰਾ ਕਰਨਾ ਲਾਜ਼ਮੀ ਹੈ। ਇਹੀ ਸ਼ਰਤ ਸਾਰੇ ਸੇਵਾ ਪ੍ਰੋਵਾਈਡਰਾਂ 'ਤੇ ਲਾਗੂ ਹੁੰਦੀ ਹੈ। ਸਮਾਂ-ਸੀਮਾ: ਕਲਾਇੰਟ ਆਪਣੀ ਰਫ਼ਤਾਰ ਅਨੁਸਾਰ ਕੰਮ ਕਰ ਸਕਦਾ ਹੈ।

☐	ਭਾਗੀਦਾਰ ਸਪੋਰਟ ਸਟਾਫ਼ ਅਤੇ ਸਰਵਿਸ ਪ੍ਰੋਵਾਈਡਰਾਂ ਦੀ ਇੰਟਰਵਿਊ ਲੈਂਦਾ ਹੈ ਅਤੇ ਉਨ੍ਹਾਂ ਨੂੰ ਨੌਕਰੀ 'ਤੇ ਰੱਖਦਾ ਹੈ	ਭਾਗੀਦਾਰ ਯੋਗ ਸਰਵਿਸ ਪ੍ਰੋਵਾਈਡਰਾਂ ਦੀ ਇੰਟਰਵਿਊ ਲੈਣ ਅਤੇ ਉਨ੍ਹਾਂ ਨੂੰ ਨਿਯੁਕਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰੇਗਾ। ਭਾਗੀਦਾਰ ਇਨ੍ਹਾਂ ਪ੍ਰੋਵਾਈਡਰਾਂ ਨਾਲ ਰੇਟਾਂ ਬਾਰੇ ਗੱਲਬਾਤ ਕਰਕੇ ਸੇਵਾ ਦਾ ਇਕਰਾਰਨਾਮਾ ਬਣਾ ਸਕਦੇ ਹਨ। *ਭਾਗੀਦਾਰ ਸਰਵਿਸ ਕੋਆਰਡੀਨੇਟਰ ਨਾਲ ਵਿਚਾਰ-ਵਟਾਂਦਰਾ ਕਰੇਗਾ ਕਿ ਲੋੜਾਂ ਦੇ ਨਿਰੰਤਰ ਮੁਲਾਂਕਣ ਲਈ ਕਿਹੜੀਆਂ ਸੇਵਾਵਾਂ ਦੇ ਪ੍ਰੋਵਾਈਡਰਾਂ ਤੋਂ ਛਿਮਾਹੀ ਜਾਂ ਸਾਲਾਨਾ ਪ੍ਰਗਤੀ ਰਿਪੋਰਟ ਲੈਣੀ ਜ਼ਰੂਰੀ ਹੋਵੇਗੀ। ਸਮਾਂ-ਸੀਮਾ: ਕਲਾਇੰਟ ਆਪਣੀ ਰਫ਼ਤਾਰ ਅਨੁਸਾਰ ਕੰਮ ਕਰ ਸਕਦਾ ਹੈ।
☐	ਘਰ ਅਤੇ ਭਾਈਚਾਰੇ ਅਧਾਰਤ ਸੇਵਾਵਾਂ **(HCBS)** ਦੀ ਪਾਲਣਾ	DDS ਵੈੱਬਸਾਈਟ 'ਤੇ HCBS ਸਬੰਧੀ ਕਦਮਾਂ ਦੀ ਸਮੀਖਿਆ ਕਰੋ। ਅੰਤਮ ਨਿਯਮ ਜੇ ਕਲਾਇੰਟ ਕਿਸੇ ਵੀ ਅਪਾਹਜਤਾ-ਵਿਸ਼ੇਸ਼, ਗਰੁੱਪ-ਅਧਾਰਤ ਜਾਂ ਸਾਈਟ-ਅਧਾਰਤ ਸੇਵਾਵਾਂ ਦੀ ਵਰਤੋਂ ਕਰੇਗਾ, ਤਾਂ ਮੁਲਾਂਕਣ ਟੂਲ ਨੂੰ ਮਿਲ ਕੇ ਪੂਰਾ ਕਰਨ ਲਈ ਪ੍ਰੋਵਾਈਡਰ ਨਾਲ ਮਿਲੋ। ਸੈਟਿੰਗ ਮੁਲਾਂਕਣ ਟੂਲ ਨੂੰ ਪੂਰਾ ਕਰੋ ਅਤੇ ਆਪਣੇ FMS ਨੂੰ ਭੇਜੋ। ਸਾਰੇ ਪ੍ਰੋਵਾਈਡਰਾਂ ਲਈ HCBS ਦੀ ਪਾਲਣਾ ਲਾਜ਼ਮੀ ਹੈ। ਸਮਾਂ-ਸੀਮਾ: ਕਲਾਇੰਟ ਆਪਣੀ ਰਫ਼ਤਾਰ ਅਨੁਸਾਰ ਕੰਮ ਕਰ ਸਕਦਾ ਹੈ।
☐	ਭਾਗੀਦਾਰ ਖਰਚ ਯੋਜਨਾ ਬਣਾਉਂਦਾ ਹੈ	ਖਰਚ ਯੋਜਨਾ ਭਾਗੀਦਾਰ ਵੱਲੋਂ ਇੱਕ ਰੂਪਰੇਖਾ ਵਜੋਂ ਬਣਾਈ ਜਾਂਦੀ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ IPP ਦੇ ਨਤੀਜੇ ਪ੍ਰਾਪਤ ਕਰਨ ਲਈ ਚੁਣੀਆਂ ਗਈਆਂ ਸੇਵਾਵਾਂ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ। 25 ਨਵੰਬਰ 2025 ਦੇ ਸਵੈ-ਨਿਰਧਾਰਨ ਨਿਰਦੇਸ਼ ਦੇ ਅਨੁਸਾਰ, ਖਰਚ ਯੋਜਨਾ ਵਿੱਚ ਸੇਵਾਵਾਂ, ਉਨ੍ਹਾਂ ਨੂੰ ਕਿੰਨੀ ਵਾਰ ਖਰੀਦਿਆ ਜਾਵੇਗਾ, SDP ਸੇਵਾ ਕੋਡ, ਅਤੇ ਖਰੀਦੀ ਜਾਣ ਵਾਲੀ ਹਰੇਕ ਸੇਵਾ ਅਤੇ ਸਹਾਇਤਾ ਦਾ ਖਰਚਾ ਸ਼ਾਮਲ ਹੋਣਾ ਚਾਹੀਦਾ ਹੈ (D-2025-ਸਵੈ-ਨਿਰਧਾਰਨ ਪ੍ਰੋਗਰਾਮ-003)। ਅਲਟਾ ਦੀ ਖਰਚ ਯੋਜਨਾ ਚੈੱਕਲਿਸਟ ਇੱਥੇ ਮਿਲ ਸਕਦੀ ਹੈ ਸਵੈ-ਨਿਰਧਾਰਨ ਪ੍ਰੋਗਰਾਮ ਖਰਚ ਯੋਜਨਾ ਚੈੱਕਲਿਸਟ - ਅਲਟਾ ਕੈਲੀਫ਼ੋਰਨੀਆ ਰੀਜਨਲ ਸੈਂਟਰ। ਖਰਚ ਯੋਜਨਾ ਦੀ ਕੁੱਲ ਰਕਮ ਵਿਅਕਤੀਗਤ ਬਜਟ ਦੀ ਰਕਮ ਤੋਂ ਵੱਧ ਨਹੀਂ ਹੋ ਸਕਦੀ। ਸਮਾਂ-ਸੀਮਾ: ਕਲਾਇੰਟ ਆਪਣੀ ਰਫ਼ਤਾਰ ਅਨੁਸਾਰ ਕੰਮ ਕਰ ਸਕਦਾ ਹੈ।
☐	ਭਾਗੀਦਾਰ ਆਪਣੇ ਸਰਵਿਸ ਕੋਆਰਡੀਨੇਟਰ ਦੇ ਨਾਲ ਮਿਲ ਕੇ ਖਰਚ ਯੋਜਨਾ ਦੀ ਸਮੀਖਿਆ ਕਰਦਾ ਹੈ	ਭਾਗੀਦਾਰ ਸਰਵਿਸ ਕੋਆਰਡੀਨੇਟਰ ਨਾਲ ਖਰਚ ਯੋਜਨਾ ਦੀ ਸਮੀਖਿਆ ਕਰੇਗਾ ਤਾਂ ਜੋ ਇਸ ਬਾਰੇ ਚਰਚਾ ਕੀਤੀ ਜਾ ਸਕੇ ਕਿ ਇੱਛਤ ਸੇਵਾਵਾਂ ਨਾਲ ਨਤੀਜੇ ਕਿਵੇਂ ਪ੍ਰਾਪਤ ਕੀਤੇ ਜਾਣਗੇ। ਜਦੋਂ ਸਰਵਿਸ ਕੋਆਰਡੀਨੇਟਰ ਕੋਲ ਖਰਚ ਯੋਜਨਾ ਦੀਆਂ ਸਾਰੀਆਂ ਸੇਵਾਵਾਂ ਦੀ

		ਜਾਣਕਾਰੀ ਉਪਲਬਧ ਹੋਵੇਗੀ, ਤਾਂ ਉਹ SDP ਕਾਨੂੰਨ, ਨਿਰਦੇਸ਼ਾਂ ਅਤੇ ਪਰਿਭਾਸ਼ਾਵਾਂ ਦੇ ਅਨੁਸਾਰ ਇਸਦੀ ਸਮੀਖਿਆ ਕਰੇਗਾ। ਸਾਰੀਆਂ ਧਿਰਾਂ ਦੁਆਰਾ ਸਹਿਮਤੀ ਮਿਲ ਜਾਣ ਤੋਂ ਬਾਅਦ, ਖਰਚ ਯੋਜਨਾ 'ਤੇ ਦਸਤਖਤ ਕੀਤੇ ਜਾਂਦੇ ਹਨ ਅਤੇ FMS ਨੂੰ ਭੇਜੀ ਜਾਂਦੀ ਹੈ। ਸਮਾਂ-ਸੀਮਾ: ਖਰਚ ਯੋਜਨਾ ਪ੍ਰਾਪਤ ਹੋਣ 'ਤੇ, ਸਰਵਿਸ ਕੋਆਰਡੀਨੇਟਰ ਦੋ ਕਾਰੋਬਾਰੀ ਦਿਨਾਂ ਦੇ ਅੰਦਰ ਭਾਗੀਦਾਰ ਨਾਲ ਇੱਕ ਮੀਟਿੰਗ ਤੈਅ ਕਰੇਗਾ। ਪਲਾਨਿੰਗ ਟੀਮ ਦੀ ਮੀਟਿੰਗ ਤੋਂ ਬਾਅਦ ਦੋ ਹਫ਼ਤਿਆਂ ਦੇ ਅੰਦਰ ਪਹਿਲੀ ਖਰਚ ਯੋਜਨਾ ਦੀ ਸਮੀਖਿਆ ਕੀਤੀ ਜਾਵੇਗੀ। ਜੇ ਸੋਧ ਜਾਂ ਸੁਧਾਰ ਦੀ ਲੋੜ ਹੈ, ਤਾਂ ਬਾਅਦ ਵਿੱਚ ਜਮ੍ਹਾਂ ਕਰਵਾਈ ਗਈ ਕੋਈ ਵੀ ਸੋਧੀ ਹੋਈ ਯੋਜਨਾ ਸਰਵਿਸ ਕੋਆਰਡੀਨੇਟਰ ਨੂੰ ਜਮ੍ਹਾਂ ਕਰਵਾਈ ਜਾਵੇਗੀ। ਸਰਵਿਸ ਕੋਆਰਡੀਨੇਟਰ ਆਪਣੀ ਉਪਲਬਧਤਾ ਬਾਰੇ ਦੱਸੇਗਾ ਅਤੇ ਜਲਦੀ ਤੋਂ ਜਲਦੀ ਉਪਲਬਧ ਸਮੀਖਿਆ ਸਮਾਂ ਦੇਵੇਗਾ।
☐	ਭਾਗੀਦਾਰ ਸਰਵਿਸ ਕੋਆਰਡੀਨੇਟਰ ਨਾਲ SDP IPP ਮੀਟਿੰਗ ਕਰਦਾ ਹੈ	ਹੋਰ ਅੱਪਡੇਟਾਂ ਦੇ ਨਾਲ-ਨਾਲ ਪਹਿਲਾਂ ਤੋਂ ਵਿਚਾਰੇ ਗਏ ਅਤੇ ਸਹਿਮਤ ਹੋਏ ਨਤੀਜਿਆਂ ਨੂੰ ਦਸਤਾਵੇਜ਼ੀ ਰੂਪ ਦੇਣ ਲਈ ਇੱਕ IPP ਮੀਟਿੰਗ ਕੀਤੀ ਜਾਵੇਗੀ। ਖਰਚ ਯੋਜਨਾ ਅਤੇ FMS ਖਰੀਦਦਾਰੀਆਂ ਦੀ ਰੂਪਰੇਖਾ ਦੇਣ ਵਾਲੇ IPP ਸਮਝੌਤਾ ਫ਼ਾਰਮ 'ਤੇ ਦਸਤਖਤ ਕੀਤੇ ਜਾਣਗੇ। IPP ਸਮਝੌਤੇ 'ਤੇ ਦਸਤਖਤ ਕਰਨ ਤੋਂ ਬਾਅਦ, ਭਾਗੀਦਾਰ ਨੂੰ ਸਹਿਮਤੀ ਨਾਲ ਤੈਅ ਕੀਤੀ ਸ਼ੁਰੂਆਤੀ ਮਿਤੀ ਤੋਂ SDP ਵਿੱਚ ਦਾਖਲ ਕੀਤਾ ਜਾਵੇਗਾ। ਸਮਾਂ-ਸੀਮਾ: W&I ਕੋਡ 4646(g) ਦੇ ਅਨੁਸਾਰ, ACRC ਸੇਵਾਵਾਂ ਨੂੰ ਉਦੋਂ ਤੱਕ ਮਨਜ਼ੂਰ ਨਹੀਂ ਕਰ ਸਕਦਾ ਜਦੋਂ ਤੱਕ IPP ਸਮਝੌਤਾ ਫ਼ਾਰਮ 'ਤੇ ਦਸਤਖਤ ਨਹੀਂ ਕੀਤੇ ਜਾਂਦੇ। ਇਸ ਲਈ, SDP ਵਿੱਚ ਦਾਖਲ ਹੋਣ ਤੋਂ ਪਹਿਲਾਂ IPP ਮੀਟਿੰਗ ਕੀਤੀ ਜਾਣੀ ਲਾਜ਼ਮੀ ਹੈ।

ਵਾਧੂ ਮਦਦਗਾਰ ਲਿੰਕ:

ਡਿਪਾਰਟਮੈਂਟ ਆਫ਼ ਡਿਵੈਲਪਮੈਂਟਲ ਸਰਵਿਸਿਜ਼ (DDS)	**SDP** - ਅਕਸਰ ਪੁੱਛੇ ਜਾਂਦੇ ਸਵਾਲ